Roll No. [ ] Total No. of Pages : 02

Total No. of Questions : 18

## B.Sc. (Agriculture) (2014 to 2018) (Sem.-2)

# PUNJABI

### Subject Code : BSAG-207a

### M.Code : 72363

Time : 3 Hrs. Max. Marks : 30

ਨੋਟ—

1. ਭਾਗ (ੳ) ਦੇ ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ। ਹਰ ਪ੍ਰਸ਼ਨ ਦਾ **ਇਕ-ਇਕ** ਨੰਬਰ ਹੈ।
2. ਭਾਗ (ਅ) ਵਿਚ **ਪੰਜ** ਪ੍ਰਸ਼ਨ ਦਿੱਤੇ ਗਏ ਹਨ। ਹਰ ਇਕ ਪ੍ਰਸ਼ਨ 2½ ਨੰਬਰਾਂ ਦਾ ਹੈ। ਵਿਦਿਆਰਥੀ ਨੇ ਪੰਜ ਵਿੱਚੋਂ ਕੋਈ **ਚਾਰ** ਪ੍ਰਸ਼ਨ ਕਰਨੇ ਹੋਣਗੇ।
3. ਭਾਗ (ੲ) ਵਿਚ ਤਿੰਨ ਪ੍ਰਸ਼ਨ ਦਿੱਤੇ ਗਏ ਹਨ। ਹਰ ਇਕ ਪ੍ਰਸ਼ਨ **ਪੰਜ** ਨੰਬਰਾਂ ਦਾ ਹੈ। ਵਿਦਿਆਰਥੀ ਨੇ ਤਿੰਨ ਵਿੱਚੋਂ ਕੋਈ **ਦੋ** ਪ੍ਰਸ਼ਨ ਕਰਨੇ ਹੋਣਗੇ।
4. ਹਰ ਭਾਗ ਦੇ ਸਾਰੇ ਸਵਾਲ ਇਕ ਥਾਂ ਤੋਂ ਹੀ ਹੱਲ ਕੀਤੇ ਜਾਣ। ਲਿਖਾਈ ਸਾਫ਼ ਅਤੇ ਸਪਸ਼ਟ ਹੋਣੀ ਚਾਹੀਦੀ ਹੈ।

### ਭਾਗ (ੳ)

**ਸਾਰੇ ਪ੍ਰਸ਼ਨ ਜ਼ਰੂਰੀ ਹਨ।**

1. ਭਾਈ ਸਮੁੰਦ ਸਿੰਘ ਕਿੱਥੋਂ ਦੇ ਰਹਿਣ ਵਾਲੇ ਸਨ?
2. ਪ੍ਰਿਥਵੀ ਰਾਜ ਕਪੂਰ ਦੀ ਕੋਈ ਦੋ ਫ਼ਿਲਮਾਂ ਦੇ ਨਾਂ ਲਿਖੋ।
3. ਗੁਰਮੁਖੀ ਲਿਪੀ ਵਿਚ ਪੈਰ-ਬਿੰਦੀ ਲਿਪਾਂਕ ਦੀ ਵਰਤੋਂ ਕਦੋਂ ਸ਼ੁਰੂ ਹੋਈ?
4. ਟਿੱਪੀ ਦੀ ਵਰਤੋਂ ਬਾਰੇ ਉਦਾਹਰਣ ਸਹਿਤ ਜਾਣਕਾਰੀ ਦਿਉ।
5. ਸਵਰ-ਵਾਹਕ ਕੀ ਹੁੰਦੇ ਹਨ?
6. ਗੁਰਮੁਖੀ ਵਿਚ ਲਗਾਂ-ਮਾਤਰਾਵਾਂ ਦੀ ਗਿਣਤੀ ਦੱਸੋ?
7. ਲ ਅਤੇ ਲ਼ ਦੇ ਉਚਾਰਨ ਵਿਚ ਕੀ ਅੰਤਰ ਹੈ?
8. ਪੰਜਾਬੀ ਭਾਸ਼ਾ ਵਿਚ ਕਿੰਨੇ ਸਵਰ ਹਨ?
9. ਸੁਰ ਕਿੰਨੇ ਪ੍ਰਕਾਰ ਦੀ ਹੁੰਦੀ ਹੈ?
10. ਜੀਵਨੀ ਅਤੇ ਸਵੈਜੀਵਨੀ ਵਿਚ ਕੀ ਅੰਤਰ ਹੁੰਦਾ ਹੈ?

### ਭਾਗ (ਅ)

11. **ਪੈਰ੍ਹਾ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ —**

ਸਮੇਂ ਦੇ ਨਾਲ ਸੰਚਾਰ ਸਾਧਨਾਂ ਦੇ ਮਾਧਿਅਮਾਂ ਦੀ ਪ੍ਰਧਾਨਤਾ ਵੀ ਬਦਲਦੀ ਰਹਿੰਦੀ ਹੈ। ਵਰਤਮਾਨ ਯੁਗ ਇੰਟਰਨੈੱਟ ਦਾ ਯੁੱਗ ਹੈ। ਇਹ ਅਜੋਕੇ ਸਮੇਂ ਦਾ ਬਹੁਤ ਹੀ ਸ਼ਕਤੀਸ਼ਾਲੀ ਮਾਧਿਅਮ ਬਣ ਕੇ ਉਭਰਿਆ ਹੈ। ਅਸੀਂ ਕਿਸੇ ਵੀ ਵਿਸ਼ੇ ਉੱਤੇ ਕੋਈ ਵੀ ਜਾਣਕਾਰੀ ਲੈਣੀ ਹੋਵੇ

ਤਾਂ ਹੁਣ ਕੋਈ ਕੰਮ ਔਖਾ ਨਹੀਂ। ਮੋਬਾਇਲ ਜਾਂ ਪੀ.ਸੀ. ਤੇ ਬੈਠੋ, ਤਰ੍ਹਾਂ-ਤਰ੍ਹਾਂ ਦੀਆਂ ਸਾਈਟਸ ਸਾਡੀ ਮਦਦ ਲਈ ਤਿਆਰ ਬੈਠੀਆਂ ਹਨ। ਹੁਣ ਆਪਣਾ ਆਪ ਦੁਨੀਆਂ ਦੇ ਮੇਚ ਦਾ ਲਗਦਾ ਹੈ। ਇਹ ਭਰਮ ਹੀ ਨਹੀਂ ਸਗੋਂ ਹਕੀਕਤ ਵੀ ਹੈ। ਕਿਉਂਕਿ ਨਵੀਂ ਪੀੜ੍ਹੀ ਨੂੰ ਜਿਸ ਤੇਜ਼ ਰਫ਼ਤਾਰ ਜੀਵਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉਸ ਵਿਚ ਆਪਣੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਸਮਝਣ ਦਾ ਸਮਾਂ ਮਿਲਣ ਦੀ ਗੁੰਜ਼ਾਇਸ਼ ਨਹੀਂ।

(ੳ) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਦਿਓ।

(ਅ) ਲੇਖਕ ਨੂੰ ਆਪਣਾ ਆਪ ਦੁਨੀਆਂ ਦੇ ਮੇਚ ਦਾ ਕਿਉਂ ਲਗਤਾ ਹੈ?

(ੲ) ਸਭਿਆਚਾਰ ਨੂੰ ਸਮਝਣ ਦਾ ਸਮਾਂ ਕਿਉਂ ਘੱਟ ਰਿਹਾ ਹੈ?

12. ਉਚਾਰਣ ਸਥਾਨ ਦੇ ਅਧਾਰ ’ਤੇ ਪੰਜਾਬੀ ਸਵਰਾਂ ਦੀ ਵਰਗਵੰਡ ਕਰੋ।

13. ਪੰਜਾਬੀ ਭਾਸ਼ਾ ਦੀਆਂ ਉਪ-ਭਾਸ਼ਾਵਾਂ ਦੇ ਪਛਾਣ ਚਿੰਨ੍ਹਾਂ ਬਾਰੇ ਚਰਚਾ ਕਰੋ।

14. ਪ੍ਰਦੂਸ਼ਣ ਕਾਰਨ ਮਨੁੱਖੀ ਸਿਹਤ ਉੱਤੇ ਪੈ ਰਹੇ ਪ੍ਰਭਾਵਾਂ ਉੱਤੇ ਸੰਖੇਪ ਨੋਟ ਲਿਖੋ।

15. ਸੋਭਾ ਸਿੰਘ ਦੀ ਚਿੱਤਰਕਾਰੀ ਉੱਪਰ ਸੰਖੇਪ ਨੋਟ ਲਿਖੋ।

**ਭਾਗ (ੲ)**

16. ਹੇਠ ਲਿਖੇ ਵਿਸ਼ਿਆਂ ਉੱਪਰ ਕਿਸੇ ਇਕ ਉਪਰ ਲੇਖ ਲਿਖੋ।

ਪ੍ਰਦੂਸ਼ਣ, ਭਰੂਣ ਹੱਤਿਆ।

17. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ ਇੱਕ ਉਪਰ ਪੈਰ੍ਹਾਂ-ਰਚਨਾ ਕਰੋ।

ਜੈਵਿਕ-ਖੇਤੀ, ਵਿਦੇਸ਼ਾਂ ਵੱਲ ਭੱਜਦੀ ਨੌਜਵਾਨ ਪੀੜ੍ਹੀ।

18. ਹੇਠ ਲਿਖਿਆਂ ਵਿਚੋਂ ਕਿਸੇ ਇੱਕ ਦੇ ਜੀਵਨ ਉੱਤੇ ਲੇਖ ਲਿਖੋ।

ਭਾਈ ਸੁਮੰਦ ਸਿੰਘ, ਪ੍ਰਿਥਵੀ ਰਾਜ ਕਪੂਰ।

**Note : Disclosure of Identity by writing Mobile No. or Making of Passing request on any page of Answer sheet will lead to UMC against the student.**